Education
Public Schools

**Walk safely**




# ਸੜਕਾਂ ‘ਤੇ ਸੁਰੱਖਿਅਤ ਰਹਿਣ ਸਬੰਧਿਤ ਜਾਣਕਾਰੀ

**ਸਕੂਲੋਂ ਆਉਣ ਜਾਣ ਲਈ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਤੁਸੀਂ ਆਪ ਜ਼ਿੰਮੇਵਾਰ ਹੁੰਦੇ ਹੋ।**

# ਸੁਰੱਖਿਅਤ ਤਰੀਕੇ ਨਾਲ ਤੁਰੋ

ਹਮੇਸ਼ਾਂ ਆਪਣੇ ਬੱਚਿਆਂ ਦੇ ਹੱਥ ਫੜ ਕੇ ਰੱਖੋ – ਫੁਟਪਾਥਾਂ ‘ਤੇ ਤੁਰਨ ਸਮੇਂ, ਕਾਰ ਪਾਰਕ ਵਿੱਚ ਅਤੇ ਸੜਕ ਪਾਰ ਕਰਨ ਸਮੇਂ – ਜਿਨ੍ਹਾਂ ਚਿਰ ਉਹ ਘੱਟੋ ਘੱਟ 8 ਸਾਲ ਦੀ ਉਮਰ ਦੇ ਨਹੀਂ ਹੋ ਜਾਂਦੇ।

ਜਦੋਂ ਤੁਹਾਡੇ ਬੱਚੇ 8 ਅਤੇ 10 ਸਾਲ ਦੀ ਉਮਰ ਦਰਮਿਆਨ ਹੁੰਦੇ ਹਨ, ਤਾਂ ਉਨ੍ਹਾਂ ਦੇ ਵਾਹਨਾਂ ਦੀ ਆਵਾਜਾਈ ਦੇ ਨਜ਼ਦੀਕ ਹੋਣ ਸਮੇਂ ਜਾਂ ਸੜਕ ਪਾਰ ਕਰਨ ਸਮੇਂ ਉਨ੍ਹਾਂ ਦੀ ਨਿਗਰਾਨੀ ਕਰੋ।

**ਜਦੋਂ ਤੁਸੀਂ ਆਪਣੇ 10 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਸਕੂਲੋਂ ਇਕੱਲੇ ਆਉਣ ਜਾਣ ਸਬੰਧੀ ਫੈਸਲਾ ਲੈਂਦੇ ਹੋ, ਤਾਂ ਰਲ ਕੇ ਸਫਰ ਦੀ ਯੋਜਨਾ ਬਣਾਓ। ਇੱਕ ਸੁਰੱਖਿਅਤ ਪੈਦਲ ਯਾਤਰੀ ਬਣਨ ਦਾ ਅਭਿਆਸ ਕਰੋ:**

- ਫੁਟਪਾਥ ਦੇ ਖੱਬੇ ਪਾਸੇ ਰਹੋ
- ਡ੍ਰਾਈਵਵੇ ਦੇ ਅੰਦਰ ਅਤੇ ਬਾਹਰ ਆਉਣ ਜਾਣ ਵਾਲੀਆਂ ਗੱਡੀਆਂ ਬਾਰੇ ਸੁਚੇਤ ਰਹਿਣਾ
- ਮੋਬਾਇਲ ਯੰਤਰਾਂ ਜਾਂ ਹੋਰਨਾਂ ਲੋਕਾਂ ਵੱਲ ਧਿਆਨ ਨਾ ਉਖੇੜਨਾ
- ਮੀਂਹ ਕਣੀ ਦੇ ਮੌਸਮ ਵਿੱਚ ਘਰ ਪਰਤਣ ਲਈ ਇੱਕ ਸੁਰੱਖਿਅਤ ਰਸਤਾ ਅਪਨਾਉਣ
- ਹੋਰ ਪੈਦਲ ਯਾਤਰੀਆਂ ਦਾ ਆਦਰ ਕਰਨਾ।

**ਰੁਕੋ!** ਫੁਟਪਾਥ ਤੋਂ ਇੱਕ ਕਦਮ ਪਿਛੇ ਹੱਟੋ।
**ਵੇਖੋ!** ਲਗਾਤਾਰ ਦੋਹਾਂ ਪਾਸਿਆਂ ਵੱਲ ਵੇਖੋ।
**ਸੁਣੋ!** ਆਉਣ ਜਾਣ ਵਾਲੀ ਆਵਾਜਾਈ ਦੀ ਅਵਾਜ਼ (ਖੜਕੇ) ਨੂੰ।
**ਸੋਚੋ!** ਕੀ ਸੜਕ ਪਾਰ ਕਰਨੀ ਸੁਰੱਖਿਅਤ ਹੈ?

**ਵਧੇਰੇ ਸਮਰਥਨ ਲਈ**

ਮਹਿਕਮੇ ਦੇ ਰੋਡ ਸੇਫਟੀ ਐਡੂਕੇਸ਼ਨ ਪ੍ਰੋਗਰਾਮ ਲਈ ਇਥੇ ਵੇਖੋ https://education.nsw.gov.au/road-safety-education ਜਾਂ ਵੇਖੋ

https://education.nsw.gov.au ਅਤੇ ਸੜਕ ਸਬੰਧੀ ਸਿਖਿਆ ਬਾਰੇ ਖੋਜ ਕਰੋ।

**ਆਪਣੇ ਬੱਚਿਆਂ ਨੂੰ ਉਤਸ਼ਾਹਿਤ ਕਰੋ ਕਿ:**

- ਸੜਕ ਪਾਰ ਕਰਨ ਲਈ ਉਹ ਹਮੇਸ਼ਾਂ ਇੱਕ ਸੁਰੱਖਿਅਤ ਜਗ੍ਹਾ ਦੀ ਚੋਣ ਕਰਨ ਜਿਵੇਂ ਕਿ ਪੈਦਲ ਸਵਾਰਾਂ ਲਈ ਬਣਾਈ ਕਰੌਸਿੰਗ, ਟਰੈਫ਼ਿੱਕ ਲਾਈਟਾਂ ਜਾਂ ਸਕੂਲ ਦਾ ਚੁਰਾਹਾ (ਕਰੌਸਿੰਗ), ਜੇ ਹੋਵੇ
- ਸੜਕ ਅਤੇ ਡਰਾਈਵੇ ਪਾਰ ਕਰਨ ਤੋਂ ਪਹਿਲਾਂ ਉਹ ਮੁੜ ਰਹੀਆਂ ਗੱਡੀਆਂ ਵੱਲ ਧਿਆਨ ਦੇਣ
- ਕਦੇ ਵੀ ਇਹ ਨਾ ਸੋਚਣ ਕਿ ਕੋਈ ਡਰਾਈਵਰ ਉਨ੍ਹਾਂ ਨੂੰ ਵੇਖ ਸਕਦਾ ਹੈ ਜਾਂ ਉਨ੍ਹਾਂ ਲਈ ਉਡੀਕ ਕਰੇਗਾ
- ਡਰਾਈਵਰ ਨਾਲ ਅੱਖ ਮਿਲਾਓ ਤਾਂ ਜੋ ਉਸ ਨੂੰ ਪਤਾ ਲੱਗ ਜਾਵੇ ਕਿ ਉਸ ਨੇ ਉਨ੍ਹਾਂ ਨੂੰ ਵੇਖ ਲਿਆ ਹੈ
- ਸੜਕ ਜਾਂ ਡ੍ਰਾਈਵਵੇ ਪਾਰ ਕਰਨ ਤੋਂ ਪਹਿਲਾਂ ਉਡੀਕਣ ਕਿ ਡਰਾਈਵਰ ਨੇ ਗੱਡੀ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਹੈ।

